

## ਪ੍ਰਭਾਵ ਦੇਖੋ*

ਹੇਠਾਂ ਦਿੱਤੀ ਉਦਾਹਰਨ ਵਿੱਚ, ਬਿਨੈਕਾਰ $400,000 ਦੀ ਪਹਿਲੀ ਮਾਰਗੇਜ ਕਰਜ਼ ਰਕਮ ਲਈ ਯੋਗਤਾ ਪੂਰੀ ਕਰਦਾ ਹੈ। $600,000 ਦਾ ਘਰ ਖਰੀਦਣ ਵਿੱਚ ਉਸਦੀ ਮਦਦ ਕਰਨ ਲਈ ਉਸਨੂੰ $215,000 ਦੀ ਸਹਾਇਤਾ ਦਿੱਤੀ ਗਈ ਸੀ। ਇਹ ਸਹਾਇਤਾ ਡਾਊਨ ਪੇਮੈਂਟ ਅਤੇ ਕਲੋਜ਼ਿੰਗ ਦੀਆਂ ਲਾਗਤਾਂ ਨੂੰ ਕਵਰ ਕਰਨ ਲਈ ਕਾਫ਼ੀ ਹੈ, ਤਾਂ ਜੋ ਘਰ ਖਰੀਦਣ ਵਾਲੇ ਤੋਂ ਲੋੜੀਂਦਾ ਯੋਗਦਾਨ ਜ਼ੀਰੋ ਹੋਵੇ।

ਹਰ ਬਿਨੈਕਾਰ ਦੀ ਸਥਿਤੀ ਵੱਖੋ-ਵੱਖਰੀ ਹੋ ਸਕਦੀ ਹੈ। ਇਹ ਦੇਖਣ ਲਈ ਕਿ ਤੁਸੀਂ ਕਿੰਨੀ ਸਹਾਇਤਾ ਪ੍ਰਾਪਤ ਕਰਨ ਦੇ ਯੋਗ ਹੋ, ਕਿਸੇ GSFA ਭਾਗੀਦਾਰ ਕਰਜ਼ਦਾਤਾ ਨਾਲ ਗੱਲ ਕਰਨਾ ਮਹੱਤਵਪੂਰਨ ਹੈ।

*ਸਿਰਫ਼ ਉਦਾਹਰਨ ਦਿੱਤੇ ਜਾਣ ਦੇ ਉਦੇਸ਼ਾਂ ਲਈ (ਵੇਰਵਿਆਂ ਲਈ ਕਿਸੇ ਕਰਜ਼ਦਾਤਾ ਨੂੰ ਮਿਲੋ)*

| | |
|---|---|
| A. ਖਰੀਦ ਮੁੱਲ | $600,000 |
| B. (-) ਵੱਧ ਤੋਂ ਵੱਧ ਪਹਿਲੀ ਮਾਰਗੇਜ ਕਰਜ਼ੇ ਦੀ ਰਕਮ | $400,000 |
| C. ਲੋੜੀਦੀ ਡਾਊਨ ਪੇਮੈਂਟ (a-b) | $200,000 |
| D. (+) ਕਲੋਜ਼ਿੰਗ ਦੀਆਂ ਲਾਗਤਾਂ | $15,000 |
| E. ਕਲੋਜ਼ਿੰਗ ਲਈ ਲੋੜੀਦੀ ਨਕਦੀ (c+d) | $215,000 |
| F. (-) ਲਾਭਾਂ ਦਾ ਦੁਹਰਾਵ | $0 |
| G. ਲੋੜੀਦੀ ਅਨੁਦਾਨ ਰਕਮ (e-f) | $215,000 |
| H. ਵੱਧ ਤੋਂ ਵੱਧ ਇਜਾਜ਼ਤ ਦੱਿਤੀ ਜਾਂਦੀ ਅਨੁਦਾਨ ਰਕਮ (ਲਾਈਨ G ਜਾਂ $350K ਵੱਿਚੋਂ ਜੋ ਵੀ ਘੱਟ ਹੋਵੇ) | $215,000 |
| I. ਲੋੜੀਦਾ ਕਰਜ਼ਦਾਰ ਦਾ ਯੋਗਦਾਨ (e-h) | $0 |

# ਸਵਾਲ ਹਨ ਜਾਂ ਸ਼ੁਰੂਆਤ ਕਰਨ ਲਈ ਤਿਆਰ ਹੋ?

ReCover CA California

GOLDEN STATE Finance Authority®

* ਇਸ ਪੁਸਤਿਕਾ ਵਿੱਚ ਪ੍ਰੋਗਰਾਮ ਬਾਰੇ ਆਮ ਜਾਣਕਾਰੀ ਸ਼ਾਮਲ ਹੈ, ਇਹ ਉਧਾਰ ਦੇਣ ਪੇਸ਼ਕਸ਼ ਨਹੀਂ ਹੈ ਅਤੇ ਨਾ ਹੀ ਕਰਜ਼ ਦੇਣ ਦੀ ਵਚਨਬੱਧਤਾ ਹੈ ਅਤੇ ਬਿਨਾਂ ਕਿਸੇ ਸੂਚਨਾ ਦੇ ਬਦਲ ਸਕਦੀ ਹੈ। ਪੂਰੇ ਪ੍ਰੋਗਰਾਮ ਬਾਰੇ ਦਿਸ਼ਾ-ਨਿਰਦੇਸ਼, ਕਰਜ਼ੇ ਲਈ ਅਰਜ਼ੀਆਂ, ਵਿਆਜ ਦੀਆਂ ਦਰਾਂ ਅਤੇ ਸਾਲਾਨਾ ਪ੍ਰਤਿਸ਼ਤ ਦਰਾਂ (APRs) GSFA ਭਾਗੀਦਾਰ ਕਰਜ਼ਦਾਤਿਆਂ ਦੇ ਰਾਹੀਂ ਉਪਲਬਧ ਹਨ।

ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ (DR-HBA) ਪ੍ਰੋਗਰਾਮ ਕੈਲੀਫੋਰਨੀਆ ਡਿਪਾਰਟਮੈਂਟ ਔਫ਼ ਹਾਊਸਿੰਗ ਐਂਡ ਕਮਿਊਨਿਟੀ ਡਿਵੈਲਪਮੈਂਟ (HCD) ਦੁਆਰਾ ਪ੍ਰੋਗਰਾਮ ਦੇ ਪ੍ਰਸ਼ਾਸਕ ਵਜੋਂ ਗੋਲਡਨ ਸਟੇਟ ਫਾਇਨੈਂਸ ਅਥਾਰਟੀ (GSFA) ਦੇ ਸਹਿਯੋਗ ਨਾਲ ਮੁਹੱਈਆ ਕੀਤਾ ਜਾਂਦਾ ਹੈ। ਪ੍ਰੋਗਰਾਮ ਲਈ ਫੰਡਿੰਗ HUD ਤੋਂ ਕਮਿਊਨਿਟੀ ਡਿਵੈਲਪਮੈਂਟ ਬਲਾਕ ਗ੍ਰਾਂਟ - ਡਿਜ਼ਾਸਟਰ ਰਿਕਵਰੀ (CDBG-DR) ਗ੍ਰਾਂਟ ਦੇ ਜ਼ਰੀਏ ਸੰਭਵ ਬਣਾਈ ਗਈ ਹੈ। GSFA ਇੱਕ ਕਾਨੂੰਨੀ ਤੌਰ 'ਤੇ ਬਣਾਈ ਗਈ ਜਨਤਕ ਇਕਾਈ ਅਤੇ ਏਜੰਸੀ ਹੈ।

© 2026 3005HBA80 02/09/26

## ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ







# ਡਾਊਨ ਪੇਮੈਂਟ ਵੱਿਚ ਸਹਾਇਤਾ

ਤੱਕ **$350,000**



# ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ

ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ (DR-HBA) ਪ੍ਰੋਗਰਾਮ ਕੈਲੀ ਰਨੀਆ ਵਿੱਚ 2018 ਵਿੱਚ ਸੰਘੀ ਤੌਰ 'ਤੇ ਘੋਸ਼ਿ ਤ ਅੱਗ ਦੀਆਂ ਆਫ਼ ਤਾਂ ਤੋਂ ਪ੍ਰਭਾਵਿਤ ਘੱਟ-ਤੋਂ-ਦਰਮਿਆਨੀ ਆਮਦਨ ਵਾਲੇ ਪਿਰਵਾਰਾਂ (ਘਰ ਮਾਲਕਾਂ ਜਾਂ ਕਿਰਾਏਦਾਰਾਂ) ਨੂੰ ਡਾਊਨ ਪੇਮੈਂਟ ਅਤੇ ਬੰਦ ਕਰਨ ਦੇ ਖਰਿਚਆਂ ਵਿੱਚ $350,000 ਤੱਕ ਦੀ ਸਹਾਇਤਾ ਮੁਹੱਈਆ ਕਰਦਾ ਹੈ। ਮਕਸਦ ਇਨ੍ਹਾਂ ਵਿਅਕਤੀਆਂ ਅਤੇ ਪਰਿਵਾਰਾਂ ਦੀ, ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਤਬਦੀਲ ਹੋਣ ਵਿੱਚ ਮਦਦ ਕਰਨਾ ਹੈ।



## ਡਾਊਨ ਪੇਮੈਂਟ ਵੱਿਚ ਸਹਾਇਤਾ

ਤੱਕ **$350,000**



## ਯੋਗ ਕਾਊਂਟੀਆਂ

ਜੇ ਤੁਹਾਡਾ ਮੁੱਖ ਨਿਵਾਸ (ਆਪਣਾ ਜਾਂ ਕਿਰਾਏ ਦਾ) ਹੇਠਾਂ ਦਿੱਤੀਆਂ ਕੈਲੀਫੋਰਨੀਆ ਕਾਊਂਟੀਆਂ ਵਿੱਚ ਯੋਗ ਆਫ਼ਤਾਂ ਦੇ ਸਮੇਂ ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰ ਵਿੱਚ ਸਥਿਤ ਸੀ, ਤਾਂ ਤੁਸੀਂ ReCoverCA ਘਰ ਦੇ ਖਰੀਦਦਾਰ ਲਈ ਸਹਾਇਤਾ ਲਈ ਯੋਗ ਹੋ ਸਕਦੇ ਹੋ।

2018 ਯੋਗ ਆਫ਼ਤ ਖੇਤਰ

ਬਿਉਟ, ਲੇਕ, ਲੌਸ ਐਂਜਲਸ ਅਤੇ ਸ਼ਾਸਤਾ ਕਾਊਂਟੀਆਂ।

## ਬਿਨੈਕਾਰ ਦੀ ਯੋਗਤਾ

DR-HBA ਲਈ ਅਰਜ਼ੀ ਦੇਣ ਦੇ ਯੋਗ ਬਣਨ ਲਈ, ਬਿਨੈਕਾਰ(ਬਿਨੈਕਾਰਾਂ) ਨੂੰ ਹੇਠਾਂ ਦਿੱਤੇ ਯੋਗਤਾ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਨਾ ਜ਼ਰੂਰੀ ਹੈ:

- ਘਰੇਲੂ ਆਮਦਨ ਸੀਮਾਵਾਂ ਨੂੰ HUD ਦੀਆਂ ਘੱਟ-ਤੋਂ-ਦਰਮਿਆਨੀ ਆਮਦਨ (HUD ਖੇਤਰ ਦੀ ਔਸਤ ਆਮਦਨ ਦਾ 80% ਜਾਂ ਇਸ ਤੋਂ ਘੱਟ) ਦੀਆਂ ਲੋੜਾਂ ਨੂੰ ਪੂਰਾ ਕਰਨਾ ਹੋਵੇਗਾ।
- 640 ਜਾਂ ਇਸ ਤੋਂ ਵੱਧ ਦਾ ਕ੍ਰੈਡਿਟ ਸਕੋਰ।
- ਵੱਧ ਤੋਂ ਵੱਧ 45% ਦਾ ਕਰਜ਼-ਤੋਂ-ਆਮਦਨ ਅਨੁਪਾਤ।
- 8-ਘੰਟੇ ਦਾ ਔਨਲਾਈਨ ਘਰ ਖਰੀਦਦਾਰ ਸਿੱਖਿਆ ਕੋਰਸ ਪੂਰਾ ਕਰਨਾ ਜ਼ਰੂਰੀ ਹੈ।
- ਕੈਲੀਫੋਰਨੀਆ ਵਿੱਚ ਅੱਗ ਦੀ ਜ਼ਿਆਦਾ ਜਾਂ ਬਹੁਤ ਜ਼ਿਆਦਾ ਤੀਬਰਤਾ ਵਾਲੇ ਖੇਤਰਾਂ ਤੋਂ ਬਾਹਰ ਖਰੀਦਦਾਰੀ ਕਰਨਾ ਜ਼ਰੂਰੀ ਹੈ।

## ਸਹਾਇਤਾ ਦਾ ਹਿਸਾਬ ਕਿਵੇਂ ਲਗਾਇਆ ਜਾਂਦਾ ਹੈ?

ਇਹ ਪ੍ਰੋਗਰਾਮ ਬਿਨੈਕਾਰ ਪਹਿਲੇ ਮਾਰਗੇਜ ਕਰਜ਼ ਵਿੱਚ ਕਿੰਨਾ ਕਰਜ਼ ਲੈ ਸਕਦਾ ਹੈ ਅਤੇ ਸੰਪਤੀ ਦੇ ਖਰੀਦ ਮੁੱਲ ਦੇ ਵਿਚਕਾਰ ਦੇ ਅੰਤਰਾਲ ਨੂੰ ਕਵਰ ਕਰਨ ਲਈ ਤਿਆਰ ਕੀਤਾ ਗਿਆ ਹੈ, ਇਹ ਯਕੀਨੀ ਬਣਾਉਂਦੇ ਹੋਏ ਕਿ ਕਰਜ਼ ਦਾ ਕੁੱਲ ਮਹੀਨਾਵਾਰ ਭੁਗਤਾਨ ਪਰਿਵਾਰ ਦੀ ਕੁੱਲ ਆਮਦਨ ਦਾ 45% ਤੋਂ ਵੱਧ ਨਹੀਂ ਹੋਵੇਗਾ। GSFA ਭਾਗੀਦਾਰ ਕਰਜ਼ਦਾਤਾ ਘਰ ਦੇ ਖਰੀਦਦਾਰ ਲਈ ਸਹਾਇਤਾ ਦੀ ਰਕਮ ਨਿਰਧਾਰਤ ਕਰਨ ਵਿੱਚ ਬਿਨੈਕਾਰ(ਬਿਨੈਕਾਰਾਂ) ਦੀ ਮਦਦ ਕਰੇਗਾ।

## ਕੀ ਸਹਾਇਤਾ ਮੁਆਫ਼ ਕੀਤੀ ਜਾਂਦੀ ਹੈ?

ਸਹਾਇਤਾ ਦੂਜੇ ਮਾਰਗੇਜ ਕਰਜ਼ ਵਜੋਂ ਦਿੱਤੀ ਜਾਂਦੀ ਹੈ। ਘਰ ਖਰੀਦਦਾਰ ਦੁਆਰਾ ਪੰਜ ਸਾਲਾਂ ਤੱਕ ਮਲਕੀਅਤ ਬਣਾਏ ਰੱਖਣ ਅਤੇ ਸੰਪਤੀ ਤੇ ਕਬਜ਼ਾ ਰੱਖਣ ਤੋਂ ਬਾਅਦ ਇਹ ਪੂਰੀ ਤਰ੍ਹਾਂ ਮੁਆਫ਼ ਕਰ ਦਿੱਤੀ ਜਾਂਦੀ ਹੈ।